# ਮਾਤਾ-ਪਿਤਾ ਅਤੇ ਵਿਦਿਆਰਥੀਆਂ ਲਈ ਫ਼ੈਂਟਾਨਿਲ ਬਾਰੇ ਚਿਤਾਵਨੀ

ਅਫ਼ਸੋਸ ਦੀ ਗੱਲ ਹੈ ਕਿੰਗ ਕਾਉਂਟੀ ਵਿਚ ਹੁਣੇ ਜਿਹੇ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਵਿਚ ਵਾਧਾ ਹੋਇਆ ਹੈ, ਜੋ ਬਹੁਤਾ ਕਰਕੇ ਗ਼ੈਰਕਾਨੂੰਨੀ ਗੋਲੀਆਂ ਅਤੇ ਪਾਉਡਰ ਵਿਚ ਮਿਲਣ ਵਾਲੇ ਫ਼ੈਂਟਾਨਿਲ ਕਰਕੇ ਹੋਈਆਂ ਹਨ। ਇਹ ਮੌਤਾਂ ਬਹੁਤਾ ਕਰਕੇ ਅਕਸਰ 18 ਜਾਂ ਛੋਟੀ ਉਮਰ ਦੇ ਲੋਕਾਂ ਦੀਆਂ ਹੋ ਰਹੀਆਂ ਹਨ।

**ਚਿਤਾਵਨੀ:**

- ਨਕਲੀ ਗੋਲੀਆਂ ਤੋਂ ਚੌਕਸ ਰਹੋ, ਜੋ ਪਰਚੀ 'ਤੇ ਲਿਖੀਆਂ ਦਵਾਈਆਂ ਵਰਗੀਆਂ ਲੱਗਦੀਆਂ ਹਨ। ਉਹਨਾਂ ਵਿਚ ਫ਼ੈਂਟਾਨਿਲ ਹੋਣ ਦੀ ਸੰਭਾਵਨਾ ਹੁੰਦੀ ਹੈ।
- ਅਜਿਹੀ ਕੋਈ ਵੀ ਗੋਲੀ ਨਾ ਲਓ, ਜੋ ਤੁਹਾਨੂੰ ਸਿੱਧਿਆਂ ਫਾਰਮੇਸੀ ਜਾਂ ਤੁਹਾਨੂੰ ਦਵਾਈ ਲਿਖਕੇ ਦੇਣ ਵਾਲੇ ਤੋਂ ਨਹੀਂ ਮਿਲੀ।
- ਔਨਲਾਈਨ ਗੋਲੀਆਂ ਖ਼ਰੀਦਣਾ ਸੁਰੱਖਿਅਤ ਨਹੀਂ ਹੈ।

## ਫ਼ੈਂਟਾਨਿਲ ਕੀ ਹੈ?

ਫ਼ੈਂਟਾਨਿਲ ਅਫ਼ੀਮ ਨਾਲ ਬਣਨ (ਓਪੀਔਇਡ) ਵਾਲੀ ਸਿੰਥੈਟਿਕ ਦਵਾਈ ਹੈ, ਜੋ ਕਿ ਓਪੀਔਇਡ ਨਾਲੋਂ ਲਗਭਗ 100 ਗੁਣਾ ਵੱਧ ਤੇਜ਼ ਹੈ। ਫ਼ੈਂਟਾਨਿਲ ਨੂੰ ਅਕਸਰ ਫੋਕੀਆਂ ਗੋਲੀਆਂ ਅਤੇ ਚਿੱਟੇ ਪਾਉਡਰ ਵਰਗੀਆਂ ਗ਼ੈਰਕਾਨੂੰਨੀ ਦਵਾਈਆਂ ਵਿਚ ਮਿਲਾਇਆ ਜਾਂਦਾ ਹੈ। ਫ਼ੈਂਟਾਨਿਲ ਅਤੇ ਹੋਰ ਓਪੀਔਇਡ, ਸਾਹ ਨੂੰ ਮੱਠਾ ਕਰਕੇ ਓਵਰਡੋਜ਼ ਦਾ ਕਾਰਣ ਬਣਦੇ ਹਨ ਅਤੇ ਆਖ਼ਰਕਾਰ ਮੌਤ ਦਾ ਕਾਰਣ ਵੀ ਬਣ ਸਕਦੇ ਹਨ।

## ਸਥਾਨਕ ਪੱਧਰ 'ਤੇ ਫ਼ੈਂਟਾਨਿਲ ਕਿਹੋ ਜਿਹੀ ਲੱਗਦੀ ਹੈ?

- ਕਿੰਗ ਕਾਉਂਟੀ ਵਿਚ, ਫ਼ੈਂਟਾਨਿਲ ਨੂੰ ਜ਼ਿਆਦਾਤਰ ਨੀਲੇ, ਹਰੇ ਜਾਂ ਪੀਲੇ ਰੰਗ ਦੀਆਂ ਨਕਲੀ ਗੋਲੀਆਂ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਹੋਰ ਰੰਗ ਵੀ ਹੋ ਸਕਦੇ ਹਨ। ਇਹਨਾਂ ਗੋਲੀਆਂ 'ਤੇ "M30" ਵਰਗਾ ਅਤੇ ਕਈ ਵਾਰੀ "K9", "215" ਅਤੇ "v48" ਵਰਗਾ ਨਿਸ਼ਾਨ ਲੱਗਿਆ ਹੋ ਸਕਦਾ ਹੈ। ਫ਼ੈਂਟਾਨਿਲ ਚਿੱਟੇ ਪਾਉਡਰਾਂ ਵਿਚ ਵੀ ਹੋ ਸਕਦੀ ਹੈ।

ਇਹਨਾਂ ਨਸ਼ੀਲੇ ਪਦਾਰਥਾਂ ਵਿਚ ਸਥਾਨਕ ਤੌਰ 'ਤੇ ਫ਼ੈਂਟਾਨਿਲ ਹੁੰਦੀ ਹੈ:



- ਔਕਸੀਕੋਡੋਨ ਗੋਲੀਆਂ, ਜੋ ਗ਼ੈਰਕਾਨੂੰਨੀ ਤੌਰ 'ਤੇ ਜਾਂ ਔਨਲਾਈਨ ਵੇਚੀਆਂ ਜਾਂਦੀਆਂ ਹਨ, ਵਿਚ ਫ਼ੈਂਟਾਨਿਲ ਹੋਣ ਦੀ ਸੰਭਾਵਨਾ ਹੁੰਦੀ ਹੈ।
- ਤੁਸੀਂ ਫ਼ੈਂਟਾਨਿਲ ਨੂੰ ਸੁੰਘ ਜਾਂ ਇਸਦਾ ਸੁਆਦ ਨਹੀਂ ਚਖ ਸਕਦੇ। ਉਹਨਾਂ ਨੂੰ ਵੇਖਕੇ, ਤੁਸੀਂ ਇਹ ਨਹੀਂ ਦੱਸ ਸਕਦੇ ਕਿ ਗੋਲੀਆਂ ਵਿਚ ਫ਼ੈਂਟਾਨਿਲ ਹੈ।
- ਗੋਲੀਆਂ ਵਿਚ ਵੀ ਫ਼ੈਂਟਾਨਿਲ ਦੀ ਮਾਤਰਾ ਵੱਖ ਹੋ ਸਕਦੀ ਹੈ, ਭਾਵੇਂ ਇਹ ਇਕੋ ਬੈਚ ਦੀਆਂ ਹੋਣ। ਵਿਅਕਤੀ ਨੂੰ ਮਹਿਜ਼ ਇਕ ਗੋਲੀ, ਉਸ ਨੂੰ ਮਾਰੇ ਬਿਨਾ ਚੋਖਾ ਨਸ਼ਾ ਦੇ ਸਕਦੀ ਹੈ, ਜਦਕਿ ਦੂਜੀ ਗੋਲੀ ਘਾਤਕ ਹੋ ਸਕਦੀ ਹੈ।

## ਘਾਤਕ ਓਵਰਡੋਜ਼ ਤੋਂ ਬਚਣ ਲਈ ਕੀ ਕਰੋ:

- **ਓਪੀਔਇਡ ਦੀ ਓਵਰਡੋਜ਼ ਜਾਂ ਵੱਧ ਵਰਤੋਂ ਦੇ ਸੰਕੇਤਾਂ ਬਾਰੇ ਜਾਣੋ।** ਕੋਈ ਵਿਅਕਤੀ ਓਵਰਡੋਜ਼ ਦੇ ਅਸਰ ਹੇਠ ਹੋ ਸਕਦਾ ਹੈ, ਜੇ ਉਹ:
  - ਜਾਗਦਾ ਨਹੀਂ ਹੈ ਜਾਂ ਉਸ ਨੂੰ ਜਗਾਉਣਾ ਮੁਸ਼ਕਿਲ ਹੁੰਦਾ ਹੈ
  - ਮੱਠਾ ਜਾਂ ਸਾਹ ਬਿਲਕੁਲ ਨਹੀਂ ਹੁੰਦਾ
  - ਚਮੜੀ ਪੀਲੀ, ਸੁਆਹ ਰੰਗੀ, ਠੰਡੀ ਹੈ
  - ਬੁੱਲ੍ਹ ਜਾਂ ਉਂਗਲਾਂ ਦੇ ਨਹੁੰ ਨੀਲੇ ਹਨ
  - ਅਜੀਬ ਜਿਹੇ ਢੰਗ ਨਾਲ ਘੁਰਾੜੇ ਮਾਰਣਾ (ਜਿਵੇਂ ਆਮ ਨਾਲੋਂ ਵੱਧ ਤੇਜ਼ ਅਵਾਜ਼)
  - ਬਹੁਤ ਜ਼ਿਆਦਾ ਉਣੀਂਦਰਾ
- **ਜੇ ਤੁਸੀਂ ਓਵਰਡੋਜ਼ ਨਾਲ ਪੀੜਤ ਕਿਸੇ ਨੂੰ ਵੇਖਦੇ ਹੋ, ਤਾਂ ਫ਼ੌਰਨ 9-1-1 ਨੂੰ ਕਾੱਲ ਕਰੋ।** ਵਾੱਸ਼ਿੰਗਟਨ ਸਟੇਟ ਦਾ ਗੁੱਡ ਸਮਾਰੀਟਨ ਕਾਨੂੰਨ, ਤੁਹਾਡੀ ਅਤੇ ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ਾਂ ਕਰਕੇ ਓਵਰਡੋਜ਼ ਨਾਲ ਪੀੜਤ ਵਿਅਕਤੀ ਦੀ ਰਾਖੀ ਕਰੇਗਾ।
- **ਨੈਲੈਕਸੌਨ (ਨਾਰਕਨ) ਦਿਓ,** ਨੱਕ ਦਾ ਸਪ੍ਰੇ ਹੈ, ਜੋ ਓਪੀਔਇਡ ਦੀ ਓਵਰਡੋਜ਼ ਕਰਕੇ ਜ਼ਿੰਦਗੀ ਲਈ ਖ਼ਤਰੇ ਦੇ ਅਸਰਾਂ ਤੋਂ ਬਚਾਉਂਦਾ ਹੈ। stopoverdose.org 'ਤੇ ਪਤਾ ਲਾਓ ਕਿ ਤੁਸੀਂ ਨਾਰਕਨ ਕਿੱਥੋਂ ਲੈ ਸਕਦੇ ਹੋ।




- **ਅਣਵਰਤੀਆਂ ਜਾਂ ਮਿਆਦ ਪੁੱਗਣ ਵਾਲੀਆਂ ਦਵਾਈਆਂ ਸੁੱਟ ਦਿਓ।** ਆਪਣੇ ਨਜ਼ਦੀਕ ਡ੍ਰੌਪ-ਬੌਕਸ ਦਾ ਪਤਾ ਲਾਓ www.medicinereturn.org ਜਾਂ 667873 'ਤੇ MEDS ਟੈਕਸਟ ਕਰੋ
- **ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਓਵਰਡੋਜ਼ ਦੇ ਅਸਰ ਹੇਠ ਹੈ, ਤਾਂ ਉਸ ਨੂੰ ਫਿਰ ਤੋਂ ਸੌਣ ਨਾ ਦਿਓ।**

## ਇਲਾਜ ਨਾਲ ਫ਼ਾਇਦਾ ਹੁੰਦਾ ਹੈ

ਕਿੰਗ ਕਾਉਂਟੀ ਵਿਚ ਇਲਾਜ ਦੇ ਕਈ ਵੱਖ-ਵੱਖ ਵਿਕਲਪ ਉਪਲਬਧ ਹਨ, ਇਹਨਾਂ ਵਿਚ ਓਪੀਔਇਡ ਦੀ ਵਰਤੋਂ ਨਾਲ ਹੋਏ ਵਿਗਾੜ, ਇਹਨਾਂ ਵਿਚ ਇਲਾਜ ਲਈ ਦਵਾਈਆਂ ਸ਼ਾਮਿਲ ਹੁੰਦੀਆਂ ਹਨ। ਵਾੱਸ਼ਿੰਗਟਨ ਰਿਕਵਰੀ ਹੈਲਪ ਲਾਈਨ http://www.WArecoveryhelpline.org 'ਤੇ ਜਾਓ ਜਾਂ 1-866-789-7511 'ਤੇ ਕਾੱਲ ਕਰੋ।